**PSCSCC MAIN EXAMINATION, 2020**

**ਪੰਜਾਬੀ (in Gurumukhi Script) (ਲਾਜ਼ਮੀ)**

ਸਮਾਂ : 3 ਘੰਟੇ

ਕੁੱਲ ਅੰਕ : 100

ਹਦਾਇਤਾਂ

ਪੇਪਰ ਨੂੰ ਹੱਲ ਕਰਨ ਤੋਂ ਪਹਿਲਾਂ ਹੇਠ ਲਿਖੀਆਂ ਹਦਾਇਤਾਂ ਨੂੰ ਧਿਆਨ ਨਾਲ ਪੜ੍ਹੋ :

(ੳ) ਸਾਰੇ ਪ੍ਰਸ਼ਨ ਹੱਲ ਕਰਨੇ ਜਰੂਰੀ ਹਨ।

(ਅ) ਹਰੇਕ ਪ੍ਰਸ਼ਨ ਦੇ ਅੰਕ ਉਸਦੇ ਬਰਾਬਰ ਦਰਸਾਏ ਗਏ ਹਨ।

(ੲ) ਪ੍ਰਸ਼ਨ ਪੱਤਰ ਦੋ ਭਾਗਾਂ ਵਿੱਚ ਵੰਡਿਆ ਗਿਆ ਹੈ, ਭਾਗ ੳ ਅਤੇ ਭਾਗ ਅ

**ਜਰੂਰੀ ਨੋਟ:** ਪ੍ਰਸ਼ਨ ਦਾ ਉੱਤਰ ਦਿੰਦੇ ਹੋਏ ਇਸ ਦੇ ਸਾਰੇ ਭਾਗ ਅਤੇ ਉਪ-ਭਾਗ ਇਕੱਠੇ ਹੱਲ ਕੀਤੇ ਜਾਣ। ਇਸਦਾ ਭਾਵ ਇਹ ਹੈ ਕਿ ਅਗਲੇ ਪ੍ਰਸ਼ਨ ਦਾ ਉੱਤਰ ਦੇਣ ਤੋਂ ਪਹਿਲਾਂ ਪ੍ਰੀਖਿਆਰਥੀ ਵੱਲੋਂ ਪਹਿਲੇ ਪ੍ਰਸ਼ਨ ਦੇ ਭਾਗ ਅਤੇ ਉਪ-ਭਾਗ ਲਾਜ਼ਮੀ ਤੌਰ 'ਤੇ ਸਮਾਪਤ ਕਰ ਲਏ ਜਾਣ। ਪ੍ਰਸ਼ਨ ਕਾਪੀ ਵਿੱਚ ਖਾਲੀ ਛੱਡੇ ਹੋਏ ਪੰਨਿਆਂ ਉਤੇ ਕਾਟਾ (X) ਮਾਰਿਆ ਜਾਵੇ। ਖਾਲੀ ਛੱਡੇ ਹੋਏ ਪੰਨਿਆਂ ਤੋਂ ਬਾਅਦ ਵਾਲੇ ਉੱਤਰਾਂ ਦਾ ਮੁੱਲਾਂਕਣ ਨਹੀਂ ਕੀਤਾ ਜਾਵੇਗਾ।

NIMBUS
ACADEMY FOR IAS
तमसो मा ज्योतिर्गमय ||

## ਭਾਗ-ੳ

**ਪ੍ਰਸ਼ਨ 1 ਹੇਠ ਲਿਖਿਆ ਪੈਰਾ ਪੜ੍ਹ ਕੇ ਹੇਠਲੇ ਪ੍ਰਸ਼ਨਾਂ ਦੇ ਉਤਰ ਦਿਓ:** (ਅੰਕ-10)

ਸਾਡੇ ਸਮਾਜ ਵਿਚ ਪ੍ਰਚਲਤ ਮਿਥਿਹਾਸਕ ਪ੍ਰਭਾਵਾਂ ਸਦਕਾ ਰਾਂਝੇ ਨੂੰ ਗੈਬੀ ਸ਼ਕਤੀਆਂ ਦਾ ਮਾਲਕ ਦੱਸਿਆ ਗਿਆ ਹੈ। ਉਹ ਮੱਝ ਦੇ ਤੂਈ ਹੋਣ ਬਾਰੇ ਫੌਰਨ ਦੱਸ ਸਕਦਾ ਹੈ। ਖੇੜੇ ਉਸ ਨੂੰ ਕਈ ਵਾਰ ਮਾਰਨ ਦਾ ਯਤਨ ਕਰਦੇ ਹਨ ਪਰ ਗੈਬੀ ਸ਼ਕਤੀਆਂ ਉਸਦੀ ਸਹਾਇਤਾ ਕਰਦੀਆਂ ਹਨ। ਉਹ ਸਹਿਤੀ ਦੀ ਲਿਆਂਦੀ ਹੋਈ ਭੇਟਾ ਨੂੰ ਵਟਾ ਦਿੰਦਾ ਹੈ। ਅਦਲੀ ਦੇ ਉਲਟ ਫੈਸਲਾ ਕਰਨ 'ਤੇ ਉਸਦੇ ਨਗਰ ਵਿਚ ਅੱਗ ਲੱਗ ਜਾਂਦੀ ਹੈ। ਇਹ ਸੱਭ ਕੁੱਝ ਸਾਡੀ ਧਾਰਮਕ ਪਰੰਪਰਾ ਕਾਰਣ ਹੈ ਜਿਸ ਵਿਚ ਚੰਗੇ ਪਾਤਰ ਗੈਬੀ ਸ਼ਕਤੀਆਂ ਨਾਲ ਦੈਂਤਾਂ ਦਾ ਨਾਸ਼ ਕਰਦੇ ਹਨ। ਕਹਾਣੀ ਵਿੱਚ ਇਸ ਪ੍ਰਕਾਰ ਦੇ ਜਾਦੂ-ਅੰਸ਼ ਦਾ ਆ ਜਾਣਾ ਕੁਦਰਤੀ ਹੀ ਹੈ। ਪੁਰਾਣੇ ਸਮਿਆਂ ਵਿਚ ਜਦੋਂ ਕਿਸੇ ਨੂੰ ਕੋਈ ਤੱਥ ਲੱਭ ਪੈਂਦਾ ਸੀ ਤਾਂ ਉਹ ਅਬੋਧ ਲੋਕਾਂ ਸਾਹਵੇਂ ਇਸ ਤੱਥ ਨੂੰ ਜਾਦੂ ਦੇ ਰੂਪ ਵਿੱਚ ਪੇਸ਼ ਕਰਦਾ ਸੀ। ਜਾਦੂਗਰੀ ਦੀ ਇਹ ਲੜੀ ਅੱਜ ਵੀ ਕਿਸੇ ਨਾ ਕਿਸੇ ਰੂਪ ਵਿੱਚ ਚਲੀ ਆਉਂਦੀ ਹੈ। ਪੁਰਾਣੇ ਸਮੇਂ ਵਿੱਚ ਵਿਗਿਆਨਕ ਤੱਥ ਦੀ ਪ੍ਰਾਪਤੀ ਜਾਦੂ ਹੋ ਨਿਬੜਦੀ ਸੀ। ਜਾਦੂ ਤਾਂ ਵਿਗਿਆਨਕ ਪ੍ਰਾਪਤੀ ਦਾ ਹੀ ਦੂਜਾ ਨਾਂ ਹੈ। ਉਹਦੇ ਬਾਰੇ ਰਵਾਇਤਾਂ ਚੱਲ ਪੈਂਦੀਆਂ ਸਨ, ਸੀਨਾ ਬਸੀਨਾ ਇਹ ਰਵਾਇਤਾਂ ਅਨੋਖਾ ਰੂਪ ਧਾਰਨ ਕਰ ਲੈਂਦੀਆਂ ਸਨ। ਉਸ ਸਮੇਂ ਇਸ ਜਾਦੂ ਦਾ ਸਬੰਧ ਧਰਮ ਨਾਲ ਵੀ ਹੋ ਜਾਂਦਾ ਸੀ। ਇਹੀ ਕਾਰਣ ਹੈ ਕਿ ਅੱਜ ਵੀ ਧਾਰਮਕ ਲੋਕਾਂ ਤੋਂ ਅਸੀਂ ਕਰਾਮਾਤਾਂ ਦੀ ਆਸ ਰੱਖਦੇ ਹਾਂ, ਉਨ੍ਹਾਂ ਦੇ ਦਿੱਤੇ ਤਵੀਤਾਂ, ਧਾਗਿਆਂ ਨੂੰ ਗਲ ਨਾਲ ਬੰਨ੍ਹੀ ਫਿਰਦੇ ਹਾਂ। ਇਸੇ ਜਾਦੂ ਆਸਰੇ ਇਹ ਲੋਕ ਆਮ ਲੋਕਾਂ ਨੂੰ ਮਗਰ ਲਾ ਲੈਂਦੇ ਸਨ। ਇਨ੍ਹਾਂ ਦੀ ਪੂਜਾ ਹੁੰਦੀ ਸੀ, ਇਹ ਦੇਵੀ ਦੇਵਤੇ ਬਣ ਜਾਂਦੇ ਸਨ। ਰਾਂਝਾ ਕੇਵਲ ਪ੍ਰੀਤਵਾਨ ਹਿਰਦਿਆਂ ਦਾ ਹੀ ਦੇਵਤਾ ਬਣ ਸਕਿਆ ਹੈ। ਜੇ ਕੋਈ ਧਰਮ ਸੰਪਰਦਾ ਉਸ ਨੂੰ ਅਪਣਾ ਲੈਂਦੀ ਤਾਂ ਉਹ ਵੀ ਕਿਊਪਿਡ (Cupid) ਵਾਂਗ ਪਿਆਰ ਦਾ ਦੇਵਤਾ ਬਣ ਜਾਂਦਾ।

(a) ਰਾਂਝਾ ਪਿਆਰ ਦਾ ਦੇਵਤਾ ਕਿਉਂ ਨਹੀਂ ਬਣ ਸਕਿਆ?
(b) ਰਵਾਇਤਾਂ ਧਾਰਮਕ ਅਕੀਦਾ ਕਦੋਂ ਬਣਦੀਆਂ ਹਨ?
(c) ਅਬੋਧ ਲੋਕ ਤੱਥਾਂ ਨੂੰ ਜਾਦੂ ਕਿਉਂ ਸਮਝ ਲੈਂਦੇ ਹਨ?
(d) ਵਿਗਿਆਨ ਨੂੰ ਜਾਦੂ ਸਮਝਣ ਵਾਲੇ ਕੌਣ ਲੋਕ ਹਨ?

NIMBUS ACADEMY FOR IAS
तमसो मा ज्योतिर्गमय ॥

**ਪ੍ਰਸ਼ਨ 2 ਹੇਠ ਲਿਖੇ ਪੈਰੇ ਦੀ ਇਕ-ਤਿਹਾਈ ਸ਼ਬਦਾਂ ਵਿੱਚ ਸੰਖੇਪ ਰਚਨਾ ਕਰਕੇ ਢੁਕਵਾਂ ਸਿਰਲੇਖ ਵੀ ਲਿਖੋ:**
(ਅੰਕ 8+2=10)

ਇਹ ਨਿਰਧਾਰਤ ਕਰਨਾ ਬਹੁਤ ਮੁਸ਼ਕਲ ਹੋ ਰਿਹਾ ਹੈ ਕਿ ਬੇਬਾਕੀ ਦੀ ਸੀਮਾ ਕਿੱਥੇ ਕੁ ਤੱਕ ਹੈ ? ਮੇਰੇ ਆਲੇ-ਦੁਆਲੇ ਮੇਰੇ ਦੋਸਤ ਵੀ ਨੇ ਤੇ ਦੁਸ਼ਮਣ ਵੀ। ਚੌਪਾਸੀ ਪਸਰੇ ਹੋਏ ਹਜੂਮ ਵਿਚ ਬਹੁਤ ਕੁਝ ਅਣਚਾਹਿਆ ਵੀ ਹੈ ਅਤੇ ਅਸੁਖਾਵਾਂ ਵੀ। ਅਜੀਬ ਤਰ੍ਹਾਂ ਦੀਆਂ ਕੁਰਸੀਆਂ ਵੀ ਹਨ ਅਤੇ ਉਨ੍ਹਾਂ ਦੀਆਂ ਕਰਾਮਾਤਾਂ ਵੀ। ਉਹ ਝਿਲਮਿਲਾਉਂਦੀਆਂ ਵੀ ਹਨ ਤੇ ਕਦੇ-ਕਦੇ ਗਰਜਦੀਆਂ ਵੀ। ਇਸ ਝਿਲਮਿਲਾਹਟ ਅਤੇ ਗਰਜ ਵਿਚ ਇਕ ਵਿਚਾਰਗੀ ਹੈ। ਆਪਣੇ ਆਪ ਨੂੰ ਆਪਣੇ ਆਪ ਤੋਂ ਹੀ ਬਚਾ ਕੇ ਰੱਖਣ ਦੀ ਵਿਚਾਰਗੀ। ਕਦੇ-ਕਦੇ ਜੀ ਕਰਦਾ ਹੈ ਉਹ ਸਭ ਕੁਝ ਉਗਲ ਦਿੱਤਾ ਜਾਵੇ ਜੋ ਮੈਨੂੰ ਤੰਗ ਕਰ ਰਿਹਾ ਹੈ। ਉਹ ਸਭ ਕੁਝ ਚੁਰਾਹੇ ਵਿਚ ਰੱਖ ਦਿੱਤਾ ਜਾਵੇ, ਜੋ ਮੇਰੇ ਅੰਦਰ ਹੀ ਅੰਦਰ ਕੁੜ੍ਹ ਰਿਹਾ ਹੈ। ਪਰ ਇਹ ਸਭ ਕੁਝ ਸੰਭਵ ਨਹੀਂ ਹੈ। 'ਹੋਊ ਪਰੇ' ਕਰ ਦੇਣ ਦੀ ਮਜਬੂਰੀ ਦਿਨੋਂ ਦਿਨ ਕਮਜ਼ੋਰੀ ਬਣਦੀ ਜਾ ਰਹੀ ਹੈ। ਏਹੀ ਕਮਜ਼ੋਰੀ ਕਦੇ-ਕਦੇ ਬੇਬਾਕ ਹੋ ਕੇ ਡਰਾਉਣੇ ਸ਼ਬਦਾਂ ਵਿਚ ਬਦਲ ਜਾਂਦੀ ਹੈ ਜਿਸ ਤੋਂ ਆਪਣੇ ਆਪ ਨੂੰ ਹੀ ਭੈ ਆਉਣ ਲੱਗ ਪੈਂਦਾ ਹੈ। ਪਰ ਇਸ ਭੈ ਦੀ ਪਰਿਭਾਸ਼ਾ ਕੀ ਹੈ ? ਜੇ ਕੋਈ ਪਰਿਭਾਸ਼ਾ ਹੈ ਤਾਂ ਉਸ ਦੀ ਸੀਮਾ ਕੀ ਹੈ ? ਜੇ ਕੋਈ ਸੀਮਾ ਹੈ ਤਾਂ ਉਸ ਦੀ ਫ਼ਿਤਰਤ ਕੀ ਹੈ ? ਇਹ ਪਰਿਭਾਸ਼ਾ, ਸੀਮਾ ਅਤੇ ਫ਼ਿਤਰਤ ਆਪਣੇ ਆਪ ਵਿਚ ਕੀ ਹਨ ? ਇਨ੍ਹਾਂ ਸਭਨਾਂ ਦੀ ਔਕਾਤ ਕੀ ਹੈ ? ਇਸ ਅਜੀਬ ਤਰ੍ਹਾਂ ਦੀ ਕਸ਼ਮਕਸ਼ ਵਿਚ ਘਿਰਿਆ ਹੋਇਆ, ਮੈਂ, ਕਦੇ 'ਸਾਹਿਤਕਾਰੀ' ਅਤੇ 'ਰੋਟੀ ਰੋਜ਼ੀ' ਦੇ ਸ਼ਬਦਾਂ ਵਿਚਕਾਰ ਰੀਂਘਦੀ ਮਾਨਸਿਕਤਾ ਦੇ ਨਕਸ਼ਾਂ ਨੂੰ ਨਿਹਾਰਦਾ ਹਾਂ ਤੇ ਕਦੇ 'ਰੋਟੀ ਰੋਜ਼ੀ' ਅਤੇ 'ਸਾਹਿਤਕਾਰੀ' ਦੇ ਸ਼ਬਦਾਂ ਉੱਤੇ ਉਸਰੇ ਹੋਏ ਆਡੰਬਰਾਂ ਨੂੰ। ਇਹ ਆਡੰਬਰ ਜਦੋਂ ਮਾਨਸਿਕ ਫਤੂਰ ਬਣ ਕੇ ਗੁਰਜਦੇ ਹਨ ਤਾਂ ਸਵੈ ਨੂੰ ਅੰਨ੍ਹਾ ਕਰ ਦਿੰਦੇ ਹਨ। ਨਾ ਕੁਝ ਆਰ ਦਿੱਸਦਾ ਹੈ ਨਾ ਪਾਰ। ਦਿੱਸਦੇ ਹਨ ਤਾਂ ਸਿਰਫ਼ ਆਡੰਬਰ ਜਿਨ੍ਹਾਂ ਦਾ ਨਾ ਕੋਈ ਆਦਿ ਨਾ ਅੰਤ। ਆਪਣੀਆਂ ਹੀ ਅੱਖਾਂ ਉੱਤੇ ਬੰਨ੍ਹੀਆਂ ਹੋਈਆਂ ਇਹ ਪੱਟੀਆਂ ਕਦੇ ਸਾਨੂੰ ਸਵੈ ਦੇ ਦਰਸ਼ਨ ਕਰਵਾ ਸਕਣਗੀਆਂ ? ਇਹ ਹੈ, ਉਹ ਚਿੰਤਾ, ਜਿਹੜੀ ਮੈਨੂੰ ਅੰਦਰੇ ਅੰਦਰ ਖਾਈ ਜਾ ਰਹੀ ਹੈ। ਇਹ ਚਿੰਤਾ ਬੇਬਾਕ ਹੋ ਕੇ ਗੂੰਜਦੀ ਹੈ ਤਾਂ ਕੁਰਸੀਆਂ ਦੀ ਕਰਾਮਾਤ ਆਪਣੀ ਘੁਮੇਰ ਪਾਉਣੀ ਸ਼ੁਰੂ ਕਰਦੀ ਹੈ। ਇਸ ਘੁਮੇਰ ਵਿਚ ਘੁੰਮਦੀ ਮੇਰੀ ਆਪਣੀ ਕੁਰਸੀ ਦਾ ਹਾਸਾ ਬਹੁਤ ਡਰਾਉਣਾ ਹੈ। ਡਰ ਅਤੇ ਹਾਸੇ ਦਾ ਆਪੋ ਵਿਚ ਰਿਸ਼ਤਾ ਕੀ ਹੈ ? ਇਸ ਦਾ ਪਤਾ ਨਾ ਡਰ ਨੂੰ ਹੈ ਤੇ ਨਾ ਹੀ ਹਾਸੇ ਨੂੰ। ਡਰ ਨੂੰ ਤਾਂ ਸਿਰਫ਼

ਏਨਾ ਪਤਾ ਹੈ ਕਿ ਹਾਸਾ ਕਿਸੇ ਨੂੰ ਕੁਝ ਕਹਿ ਰਿਹਾ ਹੈ। ਪਰ ਇਹ ਨਿਰਧਾਰਤ ਕਰਨਾ ਮੁਸ਼ਕਿਲ ਹੋ ਰਿਹਾ ਹੈ ਕਿ ਬੇਬਾਕੀ ਦੀ ਸੀਮਾ ਕਿੱਥੋਂ ਤੱਕ ਹੈ ? ਦੋਸਤੀਆਂ ਦਾ ਦਰਦ ਬਣ-ਬਣ ਉੱਠਣਾ ਅਤੇ ਦੁਸ਼ਮਣੀਆਂ ਦਾ ਦਾਰੂ ਬਣ-ਬਣ ਮਿਲਣਾ ਤਾਂ ਦਸਤੂਰ ਹੀ ਰਿਹਾ ਹੈ, ਪਰ ਫੇਰ ਵੀ ਕਿੱਥੋਂ ਲੈ ਕੇ ਆਈਏ ਉਹ ਅੱਖਾਂ, ਜਿਨ੍ਹਾਂ ਥਾਣੀਂ ਆਪਣੀ ਰੂਹ ਦੇ ਦਰਸ਼ਨ ਹੋ ਸਕਣ ? ਕਿੱਥੋਂ ਲੈ ਕੇ ਆਈਏ ਉਹ ਜੁਰਅਤ ਜਿਹੜੀ ਆਪਣੇ ਅਤੇ ਪਰਾਏ ਵਿਚ ਫਰਕ ਨਾ ਕਰੇ? ਅਤੇ ਕਿੱਥੋਂ ਲੈ ਕੇ ਆਈਏ ਉਹ ਦ੍ਰਿਸ਼ਟੀ ਜਿਹੜੀ ਦਵੈਤ ਨੂੰ ਖਤਮ ਕਰੇ? ਕੀ ਕਦੇ ਅਜਿਹਾ ਹੋ ਸਕੇਗਾ ? (440 ਸ਼ਬਦ)

ਪ੍ਰਸ਼ਨ 3 ਹੇਠ ਲਿਖਿਆਂ ਵਿਚੋਂ ਦੋ ਸੌ ਸ਼ਬਦਾਂ ਦਾ ਕੋਈ ਇੱਕ ਪੱਤਰ ਲਿਖੋ:- (ਅੰਕ-10)

1) ਹੜ੍ਹਾਂ ਦੌਰਾਨ ਆਪਣੇ ਇਲਾਕੇ ਵਿਚ ਸਰਕਾਰ ਵਲੋਂ ਭੇਜੀ ਰਾਹਤ ਸਮੱਗਰੀ ਦੀ ਅਨੁਚਿਤ ਵੰਡ ਬਾਰੇ ਮੁੱਖ ਮੰਤਰੀ ਨੂੰ ਪੱਤਰ ਲਿਖੋ।
2) ਅਵਾਰਾ ਪਸ਼ੂਆਂ ਦੁਆਰਾ ਉਤਪਨ ਸੰਕਟ ਨੂੰ ਨਜਿੱਠਣ ਲਈ ਆਪਣੇ ਸੁਝਾਅ ਦਿੰਦੇ ਹੋਏ ਪਸ਼ੂ ਪਾਲਣ ਮੰਤਰੀ ਨੂੰ ਪੱਤਰ ਲਿਖੋ।

ਪ੍ਰਸ਼ਨ 4 ਹੇਠਾਂ ਲਿਖੇ ਵਿਸ਼ਿਆਂ ਵਿਚੋਂ ਕਿਸੇ ਇੱਕ ਉਤੇ 400 ਸ਼ਬਦਾਂ ਦਾ ਨਿਬੰਧ ਲਿਖੋ: (ਅੰਕ-10)

1) ਸਮਕਾਲੀ ਪੰਜਾਬੀ ਗਾਇਕੀ : ਦਸ਼ਾ ਤੇ ਦਿਸ਼ਾ
2) ਡਿਜੀਟਲ ਇੰਡੀਆ ਅਤੇ ਆਮ ਆਦਮੀ
3) ਲੰਗਰ : ਕਲਿਆਣਕਾਰੀ ਪ੍ਰਥਾ

ਪ੍ਰਸ਼ਨ 5 ਨਿਮਨ-ਲਿਖਤ ਦਾ ਪੰਜਾਬੀ ਵਿੱਚ ਅਨੁਵਾਦ ਕਰੋ:- (ਅੰਕ 5+5=10)

1. All of us are under close observation. Every time we enter a hotel, a restaurant, a mall, or for that matter even a temple, we are constantly watched and monitored by high-tech cameras. Round-the-clock surveillance has become the need of the hour. Though security cameras have become modern-day samurais, they have also brought with them their share of gaffes, goof-ups and guffaws. A couple of years ago, my modest nursing home didn't have the CCTV system in place, until one evening a person's bike was stolen. The victim was quick to report the matter to the police and I was awakened by cops in the middle of the night and ordered to reach the scene of the crime. Once there, they reprimanded me for the gross negligence of not installing security cameras and advised me to do it immediately to prevent a recurrence of such incidents.
2. a) The cabinet secretary exhorted the chief secretaries to galvanise the state administration and use all resources at their disposal to tackle the recent surge in Covid.
   b) India has no option but to try and diversify sources of supply to ensure sustained availability of crude oil supplies.
   c) Mirza Ghalib is unparalleled in intensity of feelings, economy of words and novelty of expression.
   d) His life and works have had a profound influence on our mental make-up, social structure and intellectual development.
   e) As ill luck would have it, I forgot to invite him.

NIMBUS ACADEMY FOR IAS

## ਭਾਗ-ਅ

ਪ੍ਰਸ਼ਨ 6 ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿਚ ਇਸ ਤਰ੍ਹਾਂ ਵਰਤੋ ਕਿ ਅਰਥ ਸਪਸ਼ਟ ਹੋ ਜਾਣ: (ਅੰਕ-5)

1) ਪਿੜ
2) ਮਾਲ੍ਹ
3) ਕੁੱਪ
4) ਤੱਕਲਾ
5) ਗੁਹਾਰਾ

ਪ੍ਰਸ਼ਨ 7 ਹੇਠ ਲਿਖੇ ਅਖਾਣਾਂ, ਮੁਹਾਵਰਿਆਂ ਨੂੰ ਵਾਕ ਵਿਚ ਇਸ ਤਰ੍ਹਾਂ ਵਰਤੋ ਕਿ ਅਰਥ ਸਪਸ਼ਟ ਹੋ ਜਾਣ: (ਅੰਕ-10)

1) ਟਿੰਡ 'ਚ ਕਾਨਾ
2) ਨਗਾਰਖਾਨੇ 'ਚ ਤੂਤੀ
3) ਖੂਹ ਦੀ ਮਿੱਟੀ ਖੂਹ ਨੂੰ ਲੱਗਣੀ
4) ਬਿੱਲੀ ਦੇ ਗਲ ਟੱਲੀ ਬੰਨ੍ਹਣੀ
5) ਪੁੱਟਿਆ ਪਹਾੜ ਨਿਕਲਿਆ ਚੂਹਾ
6) ਦਾਈਏ ਬੰਨ੍ਹਣਾ
7) ਇਕ ਕਰੇਲਾ ਦੂਜਾ ਨਿੰਮ ਚੜ੍ਹਿਆ
8) ਹਰਨ ਹੋ ਜਾਣਾ
9) ਡੰਗ ਟਪਾਉਣਾ
10) ਭੱਠਾ ਬੈਠਣਾ

NIMBUS
ACADEMY FOR IAS
तमसो मा ज्योतिर्गमय ||

ਪ੍ਰਸ਼ਨ 8 ਹੇਠ ਲਿਖੇ ਅਗੇਤਰ ਲਗਾ ਕੇ ਦੋ-ਦੋ ਸ਼ਬਦ ਬਣਾਓ: (ਅੰਕ-5)

1) ਮਨ
2) ਉਪ
3) ਨਿਰ
4) ਅ
5) ਖੁਸ਼

ਪ੍ਰਸ਼ਨ 9 ਹੇਠ ਲਿਖੇ ਪਿਛੇਤਰ ਲਗਾ ਕੇ ਦੋ-ਦੋ ਸ਼ਬਦ ਬਣਾਓ: (ਅੰਕ-5)

1) ਕਾਰ
2) ਦਾਰ
3) ਨਾਕ
4) ਹੀਣ
5) ਸਾਰ

ਪ੍ਰਸ਼ਨ 10 ਹੇਠ ਲਿਖੇ ਬਹੁਤੇ ਸਬਦਾਂ ਦੀ ਥਾਂ ਇਕ ਸ਼ਬਦ ਲਿਖੋ: (ਅੰਕ-5)

1) ਜਖ਼ਮ, ਜੋ ਕੱਚਾ ਹੋਵੇ
2) ਕਾਵਿ, ਜਿਸ ਵਿੱਚ ਯੁੱਧ ਦੀ ਮਹਿਮਾ ਹੋਵੇ
3) ਦੁੱਧ ਦੇਣ ਵਾਲੀ ਮੱਝ ਜਾਂ ਗਾਂ

4) ਚਾਰ ਪੈਰਾਂ ਵਾਲਾ ਜਾਨਵਰ
5) ਦੂਜੇ ਵਲੋਂ ਆਪਣੇ ਉਪਰ ਕੀਤਾ ਅਹਿਸਾਨ ਨਾ ਜਾਣੇ

ਪ੍ਰਸ਼ਨ 11 ਹੇਠ ਲਿਖੇ ਸ਼ਬਦ-ਜੋੜ ਠੀਕ ਕਰਕੇ ਲਿਖੋ: (ਅੰਕ-5)

1) ਸਿਰਾਣਾ
2) ਪੰਚੈਤੀ
3) ਦੁਪੈਹਰ
4) ਸੌਹਰਾ
5) ਮਹਿਨਤ

ਪ੍ਰਸ਼ਨ 12 ਹੇਠ ਲਿਖੇ ਸ਼ਬਦਾਂ ਨੂੰ ਦੋ-ਦੋ ਵਾਕਾਂ ਵਿੱਚ ਇਸ ਤਰ੍ਹਾਂ ਵਰਤੋ ਕਿ ਬਹੁ-ਅਰਥਕ ਸ਼ਬਦਾਂ ਦੇ ਅਰਥ ਸਪਸ਼ਟ ਹੋ ਜਾਣ: (ਅੰਕ-5)

1) ਵਾਰ
2) ਸੁਹਾਗਾ
3) ਸਰ
4) ਸਾਰ
5) ਆਰ

NIMBUS
ACADEMY FOR IAS
तमसो मा ज्योतिर्गमय ||

ਪ੍ਰਸ਼ਨ 13 ਹੇਠ ਲਿਖੇ ਵਾਕਾਂ ਨੂੰ ਨਾਲ ਦਿੱਤੀਆਂ ਹਦਾਇਤਾਂ ਅਨੁਸਾਰ ਹੱਲ ਕਰੋ: (ਅੰਕ-5)

1) ਤੁਸੀਂ ਕਿਥੇ ਹੋ ? (ਵਾਕ ਕਿਸ ਕਾਲ ਦਾ ਸੂਚਕ ਹੈ?)
2) ਮੁੰਡੇ ਨੇ ਰੋਟੀ ਖਾਧੀ। (ਵਾਕ ਵਿੱਚ ਕਰਤਾ ਸ਼ਬਦ ਦੱਸੋ)
3) ਦਾਨੀ ਹੀ ਪੁੰਨ ਖੱਟਦੇ ਹਨ। (ਵਾਕ ਵਿਚ ਕਿਰਿਆ ਸ਼ਬਦ ਪਛਾਣੋ)
4) ਪੰਜਾਬੀ ਵਿਚ ਕਿੰਨੇ ਦੀਰਘ ਸਵਰ ਹਨ ?
5) ਸਿਪਾਹੀ ਨੇ ਚੋਰ ਦੇ ਸੋਟੀ ਮਾਰੀ। (ਵਾਕ ਵਿਚ ਕਿੰਨੇ ਨਾਂਵ ਆਏ ਹਨ?)

ਪ੍ਰਸ਼ਨ 14 ਹੇਠ ਲਿਖੇ ਵਾਕਾਂ ਨੂੰ ਨਾਲ ਦਿੱਤੀਆਂ ਹਦਾਇਤਾਂ ਅਨੁਸਾਰ ਹੱਲ ਕਰੋ: (ਅੰਕ-5)

1) 'ਸੋਨਾ' ਸ਼ਬਦ ਦਾ ਵਿਸ਼ੇਸ਼ਣ ਸ਼ਬਦ ਕੀ ਹੈ ?
2) ਚਿੜੀ ਅਤੇ ਕਾਂ ਨੇ ਖਿਚੜੀ ਬਣਾਈ। (ਯੋਜਕ ਸ਼ਬਦ ਦੀ ਪਛਾਣ ਕਰੋ)
3) ਉਸ ਨੇ ਜੂਆ ਖੇਡਿਆ ਅਤੇ ਕੰਗਾਲ ਹੋ ਗਿਆ (ਵਾਕ ਦੀ ਸ਼੍ਰੇਣੀ ਦੱਸੋ)
4) ਕੁੜੀਆਂ ਪਾਣੀ ਭਰਦੀਆਂ ਹਨ। (ਵਾਕ ਦਾ ਭਵਿੱਖ ਵਾਚਕ ਵਾਕ ਬਣਾਓ)
5) ਬਿਮਲਾ ਰੋਟੀ ਪਕਾਉਂਦੀ ਹੈ। (ਵਾਕ ਦੀ ਸ਼੍ਰੇਣੀ ਦਸੋ)

*****